ਬਾਬਾ ਬੋਲਨਾ ਕਿਆ ਕਹੀਐ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਆਸਾ ਦੀ ਵਾਰ ਦੀ ਚੌਧਵੀਂ ਪਉੜੀ ਦੇ ਸਲੋਕ ਵਿੱਚ ਗੁਰੂ ਨਾਨਕ ਸਾਹਿਬ ਨੇ ਫੋਕਟ ਧਰਮ ਕਰਮਾਂ ਦਾ ਵਰਣਨ ਕੀਤਾ ਹੈ।ਉਸ ਸਲੋਕ ਦੀ ਤੁਕ ਹੈ **"ਮੁਖਿ ਝੂਠ ਬਿਭੂਖਣ ਸਾਰੰ"** ਜਿਸਦੇ ਪ੍ਰੋ: ਸਾਹਿਬ ਸਿੰਘ ਜੀ ਨੇ ਅਰਥ ਲਿਖੇ ਹਨ ਕਿ ਪੰਡਿਤ ਮੁਖੋਂ ਬੋਲਦਾ ਤਾਂ ਝੂਠ ਹੈ ਪਰ ਉਸ ਝੂਠ ਨੂੰ ਸੋਹਣੇ ਗਹਿਣਿਆਂ ਵਾਂਗ ਸੋਹਣਾ ਕਰਕੇ ਵਿਖਾਲਦਾ ਹੈ। ਏਨਾ ਲਿਖਣ ਨਾਲ ਇਹ ਸੋਝੀ ਨਹੀਂ ਆ ਸਕਦੀ ਕਿ ਬ੍ਰਾਹਮਣ ਦੇ ਝੂਠ ਨੂੰ ਸ੍ਰੇਸ਼ਟ ਗਹਿਣਿਆਂ ਵਰਗਾ ਸੋਹਣਾ ਕਹਿਣ ਦਾ ਕੀ ਭੇਦ ਹੈ?

ਸਾਰੇ ਪੁਰਾਣਕ ਗ੍ਰੰਥਾਂ ਦੇ ਲਿਖਣ ਦਾ ਢੰਗ ਇਕੋ ਤਰ੍ਹਾਂ ਦਾ ਹੋਣ ਕਰਕੇ ਕਿਸੇ ਵੀ ਗ੍ਰੰਥ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਪਰ ਗੁਰਦੇਵ ਦੀ ਉਚਾਰੀ ਇਸ ਤੁਕ ਵਿਚਲੇ ਭਾਵ ਨੂੰ ਸਮਝਣ ਲਈ ਗਰੁੜ ਪੁਰਾਣ ਬਹੁਤਾ ਚੁਕਵਾਂ ਰਹੇਗਾ। ਜਿਵੇਂ ਕਥਿਤ ਬੈਕੁੰਠ ਨਾਥ ਵਿਸ਼ਨੂੰ ਨੇ ਬੈਕੁੰਠ ਵਿੱਚ ਬੈਠਿਆਂ ਕਥਿਤ ਤੌਰ 'ਤੇ ਜੋ ਗਿਆਨ ਆਪਣੀ ਸਵਾਰੀ ਪੰਛੀ ਰਾਜ ਗਰੁੜ ਨੂੰ ਬਖਸ਼ਿਆ ਸੀ, ਉਹ ਗਰੁੜ ਪੁਰਾਣ ਬਣ ਗਿਆ। ਗੁਰਮਤਿ ਇਸ ਗ੍ਰੰਥ ਦੇ ਗਿਆਨ ਅਤੇ ਵਿਧੀ ਵਿਧਾਨ ਨੂੰ ਨਿਰਾ ਭਰਮ ਜਾਲ ਮੰਨਦੀ ਹੈ। ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਸਿੱਧ ਹੋ ਜਾਂਦਾ ਹੈ ਕਿ ਸਿਰਫ਼ ਬ੍ਰਾਹਮਣ ਜਾਤੀ ਦੇ ਸਾਰੇ ਵਰਗਾਂ ਲਈ ਸਦੀਵੀ ਅਤੇ ਠੋਸ ਆਮਦਨ ਦਾ ਸਾਧਨ ਬਣਾਉਣ ਵਾਸਤੇ ਹੀ ਇਸ ਗ੍ਰੰਥ ਦੀ ਰਚਨਾ ਕੀਤੀ ਗਈ ਸੀ।

ਇਸ ਗਰੁੜ ਪੁਰਾਣ ਗ੍ਰੰਥ ਵਿਚਲਾ ਕੋਰਾ ਝੂਠ ਅਜਿਹੇ ਢੰਗ ਨਾਲ ਪ੍ਰਚਾਰਿਆ ਗਿਆ ਕਿ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਜਾਤੀ ਵਾਸਤੇ ਕੀਮਤੀ ਗਹਿਣਾ ਬਣਿਆ ਹੋਇਆ ਹੈ। ਏਸੇ ਤਰ੍ਹਾਂ ਹੀ ਬਾਕੀ ਗੂੜ੍ਹ ਗਿਆਨ ਵਾਲੇ ਗ੍ਰੰਥਾਂ ਵਿਚਲੀਆਂ ਮਨੋ ਕਲਪਤ ਕਹਾਣੀਆਂ **"ਬਿਭੂਖਣ ਸਾਰੰ"** ਹੋਣ ਦਾ ਪ੍ਰਤੱਖ ਸਬੂਤ ਇਹ ਹੈ ਕਿ ਬ੍ਰਾਹਮਣ ਦਾ ਲਿਖਿਆ ਉਹ ਸਾਰਾ ਪ੍ਰਾਕ੍ਰਿਤੀ ਦੇ ਨਿਯਮਾਂ ਦੀ ਵਿਰੋਧਤਾ ਵਾਲਾ ਝੂਠ ਅੱਜ ਸਾਇੰਸ ਦੇ ਜੁਗ ਵਿੱਚ ਵੀ ਆਪਣੀ ਪੂਜਾ ਕਰਵਾ ਰਿਹਾ ਹੈ। ਝੂਠ ਬੋਲਣ ਵਿੱਚ ਅਥਵਾ ਝੂਠ ਲਿਖਣ ਵਿੱਚ ਬ੍ਰਾਹਮਣ ਦੀ ਨਿਪੁੰਨਤਾ ਬੜੀ ਵਚਿੱਤ੍ਰ ਹੈ।

ਸਰਬਸਾਂਝੀ ਸਿੱਖਿਆ ਦੇਣ ਵਾਲੀ ਜਦੋਂ ਵੀ ਪ੍ਰਥਾਇ ਸਾਖੀ ਬੋਲਣ ਦੀ ਲੋੜ ਪਈ ਤਾਂ ਗੁਰਦੇਵ ਨੇ ਬਹੁਤੀ ਵਾਰੀ ਬ੍ਰਾਹਮਣ ਨੂੰ ਅਥਵਾ ਪਾਂਡੇ ਨੂੰ ਹੀ ਸੰਬੋਧਨ ਕਰਕੇ ਸ਼ਬਦ ਉਚਾਰਿਆ ਹੈ।

- ਝੂਠੁ ਨ ਬੋਲਿ ਪਾਡੇ ਸਚੁ ਕਹੀਐ॥ ਹਉਮੈ ਜਾਇ ਸਬਦਿ ਘਰੁ ਲਹੀਐ॥ (੯੦੪)

- ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥ ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ॥
ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ॥
ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ॥
ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ॥ (੧੦੯੧)

- ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥ (੫੬)

- ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥ (੧੦੧੩)

ਧਿਆਨ ਰਹੇ, ਮੰਨੂ ਸਿਮਰਤੀ ਅਨੁਸਾਰ ਦਾਨ ਸਿਰਫ਼ ਬ੍ਰਾਹਮਣ ਹੀ ਲੈ ਸਕਦਾ ਸੀ, ਸੋ ਸਾਧੂਆਂ ਦਾ ਬਾਣਾ ਬ੍ਰਾਹਮਣ ਦੀ ਲੁੱਟ ਨੀਤੀ ਦੀ ਹੀ ਉਪਜ ਸੀ। ਸਾਰਿਆਂ ਭੇਖਾਂ ਵਾਲੇ ਅਥਵਾ ਨਾਂਗੇ ਸਾਧ ਸਭ ਬ੍ਰਾਹਮਣਾਂ ਵਿੱਚੋਂ ਹੀ ਬਣਦੇ ਸਨ ਜਾਂ ਆਪਣੀ ਜਾਤ ਗੋਤ ਬ੍ਰਾਹਮਣਾਂ ਵਾਲੀ ਦੱਸਦੇ ਸਨ। ਨਹੀਂ ਤਾਂ ਦਾਨ ਲੈ ਸਕਣ ਦੇ ਅਧਿਕਾਰੀ ਨਹੀਂ ਸਨ ਬਣ ਸਕਦੇ।

- ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (੬੬੨)

- ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥ (੧੩੯੫)

ਇਸ ਸ਼ਬਦ ਨੂੰ ਉਚਾਰਣ ਵਾਲੇ ਭਿਖਾ ਜੀ ਆਪ ਵੀ ਬ੍ਰਾਹਮਣਾਂ ਵਿੱਚੋਂ ਹੀ ਸਨ। ਭਿਖਾ ਜੀ ਨੇ ਪੰਡਿਤ ਸਮੇਤ ਵੱਖ-ਵੱਖ ਭੇਖਾਂ ਵਾਲੇ ਸਾਧਾਂ ਸੰਤਾਂ ਵਾਲੀ ਜ਼ਿੰਦਗੀ ਨਾਲੋਂ ਉਨ੍ਹਾਂ ਦੀ ਅਸਲ ਰਹਿਤ ਹੋਰ ਦਰਸਾਈ ਹੈ, ਪਰ ਪੰਡਿਤ ਦੇ ਬੋਲਣ ਢੰਗ ਦਾ ਜ਼ਿਕਰ ਉਚੇਚੇ ਤੌਰ 'ਤੇ ਕੀਤਾ ਹੈ। ਬ੍ਰਾਹਮਣ ਦੇ ਬੋਲਾਂ ਦੀ ਮਿਠਾਸ ਵਿੱਚ ਲੁੱਕੇ ਧ੍ਰੋਹ ਨੂੰ ਬੜੇ ਸੋਹਣੇ ਢੰਗ ਨਾਲ ਨੰਗਾ ਕੀਤਾ ਹੈ।

ਬ੍ਰਾਹਮਣ ਦੀਆਂ ਘੜੀਆਂ ਕਥਾ ਕਹਾਣੀਆਂ ਵਾਲੇ ਗ੍ਰੰਥ ਪੜ੍ਹੀਏ ਤੇ ਭਾਵੇਂ ਇਨ੍ਹਾਂ ਦੇ ਅਧਾਰ 'ਤੇ ਬਣੀਆਂ ਫ਼ਿਲਮਾਂ ਵੇਖੀਏ, ਕਹਾਣੀ ਦੇ ਮੋੜ ਅਨੁਸਾਰ ਕਹਾਣੀ ਦੇ ਨਾਇਕ, ਰਾਜੇ ਰਾਣੀਆਂ, ਦੇਵੀ ਦੇਵਤੇ, ਅਵਤਾਰ ਸਭ ਝੂਠ ਬੋਲਦੇ, ਬਚਨ ਕਰਕੇ ਖਿਸਕਦੇ, ਕਿਸੇ ਹੋਰ ਢੰਗ ਦੀ ਹੇਰਾਫੇਰੀ ਕਰਦੇ ਅਥਵਾ ਆਚਰਣ ਹੀਣਤਾ ਦੀ ਪ੍ਰਦਰਸ਼ਨੀ ਕਰਦੇ ਜ਼ਰੂਰ ਦਿਸ ਜਾਣਗੇ। ਕੀ ਬ੍ਰਾਹਮਣ ਇਹ ਨਹੀਂ ਸੀ ਜਾਣਦਾ ਕਿ ਇਸ਼ਟ ਦੇ ਗੁਣ ਅਉਗਣ, ਉਸਦੇ ਪੁਜਾਰੀ ਅਥਵਾ ਭਗਤ ਵਿੱਚ ਆ ਜਾਂਦੇ ਹਨ? ਚਤੁਰ ਅਤੇ ਦੂਰ ਦ੍ਰਿਸ਼ਟ ਬ੍ਰਾਹਮਣ ਆਪਣੇ ਚੇਲਿਆਂ ਨੂੰ ਜਿਸ ਰੰਗ ਵਿੱਚ ਰੰਗਣਾ ਚਾਹੁੰਦਾ ਸੀ ਉਸਨੇ ਆਪਣੇ ਇਸ਼ਟ ਦੇਵਾਂ ਦੇ ਆਚਰਣ ਦਾ ਉਸੇ ਪ੍ਰਕਾਰ ਦਾ ਹੀ ਚਿਤ੍ਰ ਧਰਮ ਪੁਸਤਕਾਂ ਦੁਆਰਾ ਹਿੰਦੂ ਧਰਮ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ।

ਏਧਰ ਗੁਰਦੇਵ ਨੇ ਹਰ ਪੱਖੋਂ ਸ਼ੁਭ ਗੁਣਾਂ ਵਾਲੇ ਅਤੇ ਸੁੱਚ ਆਚਾਰ ਦੇ ਮਾਲਕ ਨਿਆਰੇ ਅਤੇ ਸਚਿਆਰ ਮਨੁੱਖ ਦੀ ਸਿਰਜਣਾ ਕਰਨੀ ਸੀ। ਸਤਿਗੁਰਾਂ ਦਾ ਯਕੀਨ ਸੀ ਕਿ ਪ੍ਰਭੂ ਦੀ ਯਾਦ ਨਾਲ ਭਰਪੂਰ ਦਿਲ ਵਾਲੇ ਮਨੁੱਖ ਦੇ ਬੋਲ ਸੁਆਰਥੀ ਭਾਵਨਾ ਤੋਂ ਰਹਿਤ, ਹਰ ਪੱਖੋਂ ਪਵਿਤ੍ਰ ਅਤੇ ਦੂਜਿਆਂ ਨੂੰ ਸੁੱਖ ਦੇਣ ਵਾਲੇ ਹੁੰਦੇ ਹਨ। ਪ੍ਰਭੂ ਪਿਆਰ ਤੋਂ ਸੱਖਣੇ ਮਨਮਤੀਆਂ ਦੇ ਬੋਲਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਗੁਰਦੇਵ ਜੀ ਨੇ ਫੁਰਮਾਇਆ ਹੈ:

- ਸਭੁ ਕੋ ਬੋਲੈ ਆਪਣ ਭਾਣੈ॥ ਮਨਮੁਖੁ ਦੂਜੈ ਬੋਲਿ ਨ ਜਾਣੈ॥
ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ॥ (੧੦੩੩)

ਹਜ਼ੂਰ ਨੇ ਆਪਣੇ ਚਿਤਵੇ ਨਿਆਰੇ ਮਨੁੱਖ ਦੀ ਬੋਲਬਾਣੀ ਵੀ ਹਰ ਪੱਖੋਂ ਨਿਆਰੀ ਬਣਾਉਣੀ ਸੀ। ਬ੍ਰਾਹਮਣ ਆਗੂ ਦੇ ਮੂੰਹ ਵਿੱਚ ਹੋਰ ਸੀ ਅਤੇ ਢਿੱਡ ਵਿੱਚ ਕੁਝ ਹੋਰ ਸੀ। ਭੇਖ ਸੰਤਾਂ ਵਾਲਾ ਤੇ ਕਰਤੂਤ ਲੁਟੇਰਿਆਂ ਵਾਲੀ, ਪੁਸ਼ਾਕ ਦੇਵਤਿਆਂ ਵਾਲੀ ਪਰ ਅੰਦਰ ਲੁਕੇ ਮਨੁੱਖ ਦਾ ਦਿਲ ਦੈਂਤਾਂ ਵਾਲਾ, ਦੇਖਣ ਨੂੰ ਮੰਦਰ ਪਰ ਅੰਦਰ ਠੱਗ। ਗੁਰੂ ਜੀ ਨੇ ਬਿਪ੍ਰਨ ਕੀ ਰੀਤ ਦੇ ਇਸ ਠੱਗੀ ਫਰੇਬ ਵਾਲੇ ਝੂਠ ਅਥਵਾ ਝੂਠ ਦੀ ਕਮਾਈ ਦੇ ਜ਼ਹਿਰ ਨੂੰ ਮਨੁੱਖਤਾ ਲਈ ਸਭ ਤੋਂ ਵੱਧ ਹਾਨੀਕਾਰਕ ਦੱਸਿਆ ਹੈ।

- ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ॥ (੧੪੫)

ਝੂਠੇ ਅਡੰਬਰਾਂ ਰਾਹੀਂ ਲੋਕਾਂ ਨੂੰ ਲੁੱਟਣ ਵਾਲੇ ਧਾਰਮਿਕ ਆਗੂਆਂ ਦੇ ਪਾਜ ਉਧੇੜ੍ਹਨ ਵਾਲਾ ਆਪ ਦਾ ਫੁਰਮਾਨ ਹੈ:

- ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥ (੧੩੯)

ਗੁਰੂ ਨਾਨਕ ਸਾਹਿਬ ਜੀ ਬੜੇ ਮਿੱਠੇ ਅਤੇ ਨਿਰਾਲੇ ਢੰਗ ਨਾਲ ਸੱਚ ਤੋਂ ਟੁੱਟੇ ਮਨੁੱਖਾਂ ਦੀ ਹਾਲਤ ਦੱਸ ਕੇ ਕਲਿਆਣਕਾਰੀ ਬੋਲੀ ਬੋਲਣ ਦੀ ਜਾਚ ਦੱਸਦੇ ਹਨ:

- ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥
ਬਾਬਾ ਬੋਲੀਐ ਪਤਿ ਹੋਇ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥ਰਹਾਉ॥ (੧੫)

ਝੂਠੀ ਮਾਇਆ ਦੇ ਮੋਹ ਵਿੱਚ ਫਸਿਆ ਝੂਠ ਬੋਲਣ ਵਾਲਾ ਮਨੁੱਖ ਦੀਨ ਅਤੇ ਦੁਨੀਆਂ ਵੱਲੋਂ ਆਪਣੀ ਇੱਜ਼ਤ ਗੁਆ ਬੈਠਦਾ ਹੈ। ਜੋ ਨਿਰਾ ਛਲਾਵਾ, ਨਾਸਵੰਤ ਪਦਾਰਥ ਜੋ ਝੂਠ ਦਾ ਪ੍ਰਤੱਖ ਰੂਪ ਹਨ ਉਨ੍ਹਾਂ ਨਾਲ ਜੁੜੇ ਮਨੁੱਖ ਦਾ ਮਨ ਕਾਂ ਵਰਗਾ ਕਾਲਾ ਹੋ ਜਾਂਦਾ ਹੈ। ਅਜਿਹੇ ਮਨੁੱਖ ਦੀ ਹਾਲਤ ਦਰਸਾਉਣ ਉਪਰੰਤ ਮਿਹਰਾਂ ਦੇ ਮਾਲਕ ਗੁਰਦੇਵ ਜੀ ਦਾ ਫੁਰਮਾਨ ਹੈ:

- ਝੂਠੇ ਕਉ ਨਾਹੀ ਪਤਿ ਨਾਉ॥ ਕਬਹੁ ਨ ਸੂਚਾ ਕਾਲਾ ਕਾਉ॥
ਪਿੰਜਰਿ ਪੰਖੀ ਬੰਧਿਆ ਕੋਇ॥ ਛੇਰੀਂ ਭਰਮੈ ਮੁਕਤਿ ਨ ਹੋਇ॥
ਤਉ ਛੂਟੈ ਜਾ ਖਸਮੁ ਛਡਾਏ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ॥ (੮੩੯)

ਝੂਠ ਨਾਲ ਜੁੜਿਆਂ ਝੂਠ ਬੋਲਣ ਦੀ ਆਦਤ ਪੈ ਜਾਂਦੀ ਹੈ ਜਿਸ ਤੋਂ ਮਨੁੱਖ ਦੇ ਆਤਮਿਕ ਜੀਵਨ ਦਾ ਨਾਸ ਹੋ ਜਾਂਦਾ ਹੈ। ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦਾ ਲੜ ਘੁੱਟ ਕੇ ਫੜ ਲੈਣ ਨਾਲ ਵਿਣਾਸ ਕਰਨ ਵਾਲੇ ਝੂਠ ਦੇ ਥਾਂ ਤੋੜ ਨਾਲ ਨਿਭਣ ਵਾਲੇ ਧਰਮ ਦੀ ਸੋਝੀ ਆ ਜਾਂਦੀ ਹੈ।

- ਕੂੜਹੁ ਕਰੇ ਵਿਣਾਸੁ ਧਰਮੇ ਤਗੀਐ॥ (੫੧੮)

ਅਜਿਹੇ ਬੋਲ ਵਿਗਾੜਾਂ ਦਾ ਵਰਣਨ ਇੰਜ ਹੈ:

- ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵ ਲਾਇ॥
ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥
ਆਖਹਿ ਬਰਮੇ ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥
ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥
ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥
ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥
ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥
ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥
ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ (੫)

- ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥
ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥ ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ॥ (੧੨੪੨)

ਸਚੁ ਬੋਲ ਬੋਲਾਵੈ ਪਿਆਰੁ

ਸਤਿਗੁਰਾਂ ਨੇ ਮਨੁੱਖ ਦੀ ਜ਼ਿੰਦਗੀ ਦਾ ਨਿਸ਼ਾਨਾ ਸੱਚ ਨਾਲ ਜੁੜਨ ਦਾ ਮਿਥ ਦਿੱਤਾ। ਪ੍ਰਭੂ ਦੇ ਪ੍ਰਚੱਲਤ ਨਾਮ ਸਭ ਦੇ ਸਭ ਕਿਰਤਮ ਦੱਸ ਕੇ ਪ੍ਰਭੂ ਨੂੰ ਸਤਿ ਅਥਵਾ ਸੱਚ ਮੰਨ ਲਿਆ। ਗੁਰੂ ਨਾਨਕ ਦਾ ਸਤਿ ਸਦੀਵੀ ਸੱਚ ਹੈ।

– ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (੧)

ਸੱਚ ਦਾ ਪੁਜਾਰੀ ਝੂਠ ਅਥਵਾ ਨਾਸਵੰਤ ਦੇ ਨੇੜੇ ਕਿਵੇਂ ਆ ਸਕਦਾ ਹੈ? ਸੱਚ ਨਾਲ ਜੁੜੇ ਹੋਏ ਸਚਿਆਰ ਮਨੁੱਖ ਅਤੇ ਉਸਦੇ ਆਚਰਣ ਦੀ ਝਲਕ ਇਸ ਫੁਰਮਾਨ ਵਿੱਚੋਂ ਪੈ ਰਹੀ ਹੈ:

– ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ॥
ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ (੩੪)

ਸਿੱਖ ਵਾਸਤੇ ਇਹ ਨਿਯਮ ਬਣ ਗਿਆ ਕਿ **"ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ॥"**(੪੯) ਸੱਚ ਨਾਲ ਜੁੜਿਆਂ ਵਿਕਾਰਾਂ ਦੀ ਮੈਲ ਨਹੀਂ ਟਿਕ ਸਕਦੀ। ਬਸ ਇਹੀ ਪੱਕਾ ਨਿਯਮ ਅਥਵਾ ਧਰਮ ਹੈ ਕਿ **"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥"**(੪੮੮) ਕਿਸੇ ਚਤੁਰਾਈ ਨੂੰ ਵਰਤ ਕੇ ਨਿਰੇ ਮੂੰਹ ਨਾਲ ਜ਼ਾਹਰਾ ਵਿਖਾਵੇ ਵਾਲਾ ਸੱਚ ਕਿਸੇ ਕੰਮ ਨਹੀਂ। ਹਿਰਦੇ ਵਿੱਚ ਸੱਚ ਦਾ ਨਿਵਾਸ ਕਰੀ ਰੱਖਣ ਲਈ ਸਦਾ ਸੁਚੇਤ ਰਹਿਣਾ ਹੈ। ਕਿਉਂਕਿ ਸਤਿ ਪ੍ਰਭੂ ਦੀ ਪਛਾਣ ਹਿਰਦੇ ਵਿਚਲੇ ਸੱਚ ਦੇ ਕਾਰਨ ਹੀ ਆਉਣੀ ਹੈ **"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥"** (੪੬੮)। ਅਜਿਹੇ ਗੁਰਮੁਖ ਫਿਰ ਹਰ ਥਾਂ ਸੱਚ ਹੀ ਵੇਖਦੇ ਹਨ ਅਤੇ ਸੱਚ ਹੀ ਬੋਲਦੇ ਹਨ। ਜਿਸ ਦਾ ਫਲ ਇਹ ਮਿਲਦਾ ਹੈ ਕਿ ਉਹ ਸੱਚ ਦਾ ਹੀ ਸਰੂਪ ਹੋ ਜਾਂਦੇ ਹਨ **"ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ॥"**(੬੯)। ਗੁਰਮੁਖ ਦੀ ਏਹੀ ਸ੍ਰੇਸ਼ਟ ਕਰਨੀ ਹੈ **"ਹਿਰਦੈ ਸਚੁ ਏਹ ਕਰਣੀ ਸਾਰੁ॥"**(੧੩੪੩) ਦਸ਼ਮੇਸ਼ ਜੀ ਦਾ ਫੁਰਮਾਨ ਹੈ ਕਿ ਸਦਾ ਸੱਚ ਬੋਲਣ ਵਾਲੇ ਤੇ ਪ੍ਰਮਾਤਮਾ ਦੀ ਅਪਾਰ ਮਿਹਰ ਹੁੰਦੀ ਹੈ **"ਹਰਾ ਕਸ ਕਿ ਓ ਰਾਸਤ ਬਾਜ਼ੀ ਕੁਨਦ॥ ਰਹੀਮੇ ਬਰੋ ਰਹਮ ਸਾਜ਼ੀ ਕੁਨਦ॥"** (ਜ਼ਫ਼ਰਨਾਮਾ)

ਇਸ ਸ੍ਰੇਸ਼ਟ ਕਰਣੀ ਦੀ ਕਾਰ ਨੂੰ ਦ੍ਰਿੜ੍ਹ ਕਰਾਉਣ ਵਾਸਤੇ ਹੋਰ ਬੇਅੰਤ ਗੁਰੂ ਸ਼ਬਦ ਹਨ:

– ਭਉ ਖਾਣਾ ਪੀਣਾ ਸੁਖੁ ਸਾਰੁ॥ ਹਰਿ ਜਨ ਸੰਗਤਿ ਪਾਵੈ ਪਾਰੁ॥
ਸਚੁ ਬੋਲੈ ਬੋਲਾਵੈ ਪਿਆਰੁ॥ ਗੁਰ ਕਾ ਸਬਦੁ ਕਰਣੀ ਹੈ ਸਾਰੁ॥ (੧੩੪੫)

– ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ॥ ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ॥
ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ॥
ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ॥ ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ॥ਰਹਾਉ॥ (੪੯)

ਪ੍ਰਮਾਤਮਾ ਦੇ ਰੂਪ ਗੁਰੂ ਦੇ ਹੁਕਮ ਵਿੱਚ ਤੁਰਿਆਂ ਗੁਰੂ ਸ਼ਬਦ ਦੀ ਵਿਚਾਰ ਰੂਪੀ ਸੁੱਚਾ ਰਤਨ ਪ੍ਰਾਪਤ ਹੋ ਜਾਣ ਨਾਲ ਮਨੁੱਖਾ ਜਨਮ ਸਫ਼ਲ ਹੋ ਜਾਂਦਾ ਹੈ।

– ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥
ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ॥ (੮੩)

– ਬੋਲਹਿ ਸਾਚੁ ਮਿਥਿਆ ਨਹੀ ਰਾਈ॥ ਚਾਲਹਿ ਗੁਰਮੁਖਿ ਹੁਕਮਿ ਰਜਾਈ॥
ਰਹਹਿ ਅਤੀਤ ਸਚੇ ਸਰਣਾਈ॥ (੨੨੭)

ਆਦਿ ਸੱਚ ਨਾਲ ਪਿਆਰ ਪੈ ਗਿਆ ਫਿਰ ਹਰ ਥਾਂ ਸੱਚ ਹੀ ਸੱਚ ਦਿੱਸਦਾ ਹੈ। ਸੱਚ ਨਾਲ ਜੁੜੇ ਮਨੁੱਖ ਦਾ ਆਚਰਣ ਉੱਚਾ ਹੋ ਜਾਂਦਾ ਹੈ। ਉਸਨੂੰ ਦੁਨੀਆਂ ਦਾ ਕੋਈ ਹੋਰ ਪਦਾਰਥ ਸਚ ਅਚਾਰ ਨਾਲੋਂ ਚੰਗਾ ਨਹੀਂ ਲਗਦਾ। ਸਤਿ ਨਾਲ ਜੁੜੇ ਹੋਏ ਅਤੇ ਸਦਾ ਸੱਚ ਬੋਲਣ ਵਾਲੇ ਮਨੁੱਖ ਦੇ ਬਚਨ ਸਦੀਵੀ ਸਚਾਈ ਵਾਲੇ ਬਣ ਜਾਂਦੇ ਹਨ। ਭਾਵ ਪ੍ਰਭੂ ਦੇ ਅਜਿਹੇ ਪਿਆਰੇ ਸਦਾ ਬੋਲਦੇ ਹੀ ਉਹ ਬਚਨ ਹਨ ਜਿਹੜੇ ਅਟੱਲ ਸਚਾਈ ਵਾਲੇ ਹੁੰਦੇ ਹਨ:

- ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥ (੩੦੬)

ਹੇ ਸੱਚੇ ਪਿਤਾ ਸਤਿਗੁਰੂ ਜੀਓ! ਆਪ ਦਾ ਫੁਰਮਾਨ ਹੈ ਕਿ:

- ਅਸੀ ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥ (੨੫)

ਅਸੀਂ ਜੀਵ ਬੜਬੋਲੇ ਹਾਂ, ਅਸੀਂ ਫਿਕੇ ਬੋਲ ਬੋਲਦੇ ਹਾਂ ਪਰ ਤੂੰ ਮਿਹਰ ਦੀ ਨਿਗਾਹ ਨਾਲ ਪਰਖਦਾ ਹੈਂ। ਮਿਹਰ ਕਰੋ ਤੇ ਸਾਨੂੰ ਅਜਿਹੇ ਬੋਲ ਬੋਲਣੇ ਸਿਖਾ ਦਿਉ ਜਿਸ ਨਾਲ ਅਸੀਂ ਤੇਰੇ ਸੱਚ ਦੇ ਲੜ ਲੱਗਣ ਜੋਗੇ ਹੋ ਜਾਈਏ।

- ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥ (੮੭੦)

ਸੱਚੇ ਪਿਤਾ ਸਾਨੂੰ ਸਮਰੱਥਾ ਬਖਸ਼ ਕਿ ਤੂੰ ਜਿਹੋ ਜਿਹੀ ਮਤਿ ਦੇਵੇਂ ਅਸੀਂ ਉਹੀ ਬੋਲ ਬੋਲੀਏ:

- ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ॥ (੬੬੭)

ਫਿਕਾ ਬੋਲਿ ਵਿਗੁਚਣਾ

- ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ॥ (੧੫)

ਕਿਸੇ ਦਾ ਦਿਲ ਦੁਖਾਉਣ ਨੂੰ ਗੁਰਮਤਿ ਉਗ੍ਰ ਪਾਪ ਮੰਨਦੀ ਹੈ। ਠੱਗੀ, ਚੋਰੀ, ਕਤਲ, ਡਾਕਾ ਆਦਿ ਜਿਹੇ ਅਪਰਾਧਾਂ ਦੇ ਕਾਰਨ ਵੀ ਮਨੁੱਖ ਦਾ ਦਿਲ ਦੁੱਖੀ ਹੁੰਦਾ ਹੈ ਪਰ ਮੰਦੇ ਸ਼ਬਦਾਂ ਨਾਲ ਮਨੁੱਖ ਦਾ ਹਿਰਦਾ ਬਹੁਤ ਪੀੜਤ ਹੁੰਦਾ ਹੈ। ਕਹਾਵਤ ਹੈ ਕਿ ਤਲਵਾਰ ਦਾ ਫੱਟ ਮਿਟ ਜਾਂਦਾ ਹੈ ਪਰ ਮੰਦੇ ਬੋਲ ਦਾ ਜ਼ਖ਼ਮ ਨਹੀਂ ਮਿਟਦਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਬੋਲਬਾਣੀ ਸੁਧਾਰਨ ਦਾ ਯਤਨ ਅਰੰਭਿਆ। ਪਹਿਲਾ ਉਪਦੇਸ਼ ਇਹ ਹੈ ਕਿ ਜਿੰਨਾ ਚਿਰ ਵੀ ਦੁਨੀਆਂ ਵਿੱਚ ਰਹਿਣਾ ਹੈ ਸਿੱਖਿਆ ਲੈਣ ਲਈ ਦੂਜਿਆਂ ਨਾਲ ਗੱਲਬਾਤ ਜ਼ਰੂਰ ਕਰਦੇ ਰਹਿਣਾ ਹੈ। ਕੁਝ ਕਹੋ ਅਤੇ ਕੁਝ ਅਗਲੇ ਦੀ ਸੁਣੋ:

- ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (੬੬੧)

ਸਾਨੂੰ ਸਦਾ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਫਿੱਕਾ ਬਚਨ ਅਥਵਾ ਮੰਦਾ ਬੋਲ ਕਿਸੇ ਨੂੰ ਕਦੇ ਨਹੀਂ ਕਹਿਣਾ। ਸਤਿਗੁਰਾਂ ਦਾ ਫੁਰਮਾਨ ਹੈ:

- ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥ ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ॥ (੫੬੬)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲਣ ਵਾਸਤੇ ਸਾਨੂੰ ਸਰਬ ਸ੍ਰੇਸ਼ਟ ਨਿਯਮ ਸਮਝਾਉਣ ਲਈ ਫੁਰਮਾਉਂਦੇ ਹਨ:

- ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ (੧੩੮੪)

- ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ (੪੭੩)

- ਦੁਰਮਤਿ ਝੂਠੀ ਬੁਰੀ ਬੁਰਿਆਰਿ॥ ਅਉਗਣਿਆਰੀ ਅਉਗਣਿਆਰਿ॥
ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ॥ (੧੦੪੭)

- ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥ (੪੨੬)

- ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥
ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ॥ (੫੯੪)

- ਘਰਿ ਵਥੁ ਛੋਡਹਿ ਬਾਹਰਿ ਧਾਵਹਿ॥ ਮਨਮੁਖ ਅੰਧੇ ਸਾਦੁ ਨ ਪਾਵਹਿ॥
ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ॥ (੧੦੫੮)

- ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ॥ ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ॥ (੧੩੩੧)

- ਜਲਉ ਇਹ ਜਿਹਵਾ ਦੂਜੈ ਭਾਇ॥ ਹਰਿ ਰਸੁ ਨ ਚਾਖੈ ਫੀਕਾ ਆਲਾਇ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ॥ ਬਿਨੁ ਨਾਵੈ ਦੁਖੀਆ ਚਲਿਆ ਰੋਇ॥ (੧੫੮)

- ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ॥ (੩੦੧)

ਮੰਦਾ ਕੋ ਨ ਅਲਾਏ

ਮੰਦਾ ਬੋਲਣਾ ਅਥਵਾ ਕਿਸੇ ਨੂੰ ਮੰਦਾ ਕਹਿਣਾ ਸਤਿਗੁਰਾਂ ਨੇ ਪਸੰਦ ਨਹੀਂ ਕੀਤਾ।

- ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥ (੪੭੩)

- ਗੁਰ ਮਿਲਿ ਪ੍ਰਭੂ ਚਿਤਾਰਿਆ॥ ਕਾਰਜ ਸਭਿ ਸਵਾਰਿਆ॥
ਮੰਦਾ ਕੋ ਨ ਅਲਾਏ॥ ਸਭ ਜੈ ਜੈ ਕਾਰੁ ਸੁਣਾਏ॥ (੬੨੭)

- ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ॥ (੪੨੫)

- ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥ ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥ (੧੨੩੮)

- ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ (੧੩੮੧)

- ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥
ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ॥

ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੁਆਵਣਾ॥
ਜੋ ਦੇਇ ਸਹਣਾ ਮਨਹਿ ਕਹਣਾ ਆਖ ਨਾਹੀ ਵਾਵਣਾ॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥ (੫੬੬)

ਜੇ ਮੰਦਾ ਕਹਿਣਾ ਹੀ ਹੈ ਤਾਂ ਆਪਣੇ ਆਪਦੇ ਅੰਦਰਲੀਆਂ ਬੁਰਿਆਈਆਂ ਵੱਲ ਧਿਆਨ ਮਾਰ ਕੇ ਆਪਣੇ ਆਪ ਨੂੰ ਮੰਦਾ ਕਹਿਣ ਦੀ ਵੱਡੀ ਲੋੜ ਹੈ।

- ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥ (੯੯੧)

- ਕਾਰਨ ਕਰਨ ਤੂੰ ਹਾਂ॥ ਅਵਰੁ ਨਾ ਸੁਝੈ ਮੂੰ ਹਾਂ॥ ਕਰਹਿ ਸੁ ਹੋਈਐ ਹਾਂ॥
ਸਹਜਿ ਸੁਖਿ ਸੋਈਐ ਹਾਂ॥ ਧੀਰਜ ਮਨਿ ਭਏ ਹਾਂ॥ ਪ੍ਰਭ ਕੈ ਦਰਿ ਪਏ ਮੇਰੇ ਮਨਾ॥ਰਹਾਉ॥
ਸਾਧੂ ਸੰਗਮੇ ਹਾਂ॥ ਪੂਰਨ ਸੰਜਮੇ ਹਾਂ॥ ਜਬ ਤੇ ਛੂਟੇ ਆਪ ਹਾਂ॥
ਤਬ ਤੇ ਮਿਟੇ ਤਾਪ ਹਾਂ॥ ਕਿਰਪਾ ਧਾਰੀਆ ਹਾਂ॥ ਪਤਿ ਰਖੁ ਬਨਵਾਰੀਆ ਮੇਰੇ ਮਨਾ॥
ਇਹੁ ਸੁਖੁ ਜਾਨੀਐ ਹਾਂ॥ ਹਰਿ ਕਰੇ ਸੁ ਮਾਨੀਐ ਹਾਂ॥ ਮੰਦਾ ਨਾਹਿ ਕੋਇ ਹਾਂ॥
ਸੰਤ ਕੀ ਰੇਨ ਹੋਇ ਹਾਂ॥ ਆਪੇ ਜਿਸੁ ਰਖੈ ਹਾਂ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ॥
ਜਿਸ ਕਾ ਨਾਹਿ ਕੋਇ ਹਾਂ॥ ਤਿਸ ਕਾ ਪ੍ਰਭੂ ਸੋਇ ਹਾਂ॥ ਅੰਤਰਗਤਿ ਬੁਝੈ ਹਾਂ॥
ਸਭੁ ਕਿਛੁ ਤਿਸੁ ਸੁਝੈ ਹਾਂ॥ ਪਤਿਤ ਉਧਾਰਿ ਲੇਹੁ ਹਾਂ॥ ਨਾਨਕ ਅਰਦਾਸਿ ਏਹੁ ਮੇਰੇ ਮਨਾ॥ (੪੧੦)

ਮਿੱਠਾ ਬੋਲਣਾ

ਮਨੁੱਖ ਨੂੰ ਮਿੱਠੇ ਬਚਨ ਬੋਲਣ ਵਾਲਾ ਬਨਾਉਣ ਲਈ ਸਤਿਗੁਰਾਂ ਨੇ ਪ੍ਰਮਾਤਮਾ ਨੂੰ ਅਜਿਹਾ ਮਿੱਠ ਬੋਲੜਾ ਹੋਣਾ ਦੱਸਿਆ, ਜੋ ਕਦੇ ਕੌੜਾ ਬਚਨ ਬੋਲਣਾ ਜਾਣਦਾ ਹੀ ਨਹੀਂ ਹੈ। ਕਿੱਡਾ ਵੀ ਪਾਪੀ ਮਨੁੱਖ ਜਦ ਸੱਚੇ ਦਿਲੋਂ ਉਸਦੀ ਸ਼ਰਨ ਵਿੱਚ ਆ ਜਾਂਦਾ ਹੈ ਤਾਂ ਮਿੱਠ ਬੋਲੜਾ ਪ੍ਰਭੂ ਉਸਦੇ ਪਿਛਲੇ ਅਉਗਣ ਨਹੀਂ ਚਿਤਾਰਦਾ।

- ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥ (੭੮੪)

ਜਿਹੜਾ ਵੀ ਮਨੁੱਖ ਹੰਕਾਰ ਵਾਲੀ ਆਪਣੀ ਮਤਿ ਤਿਆਗ ਕੇ ਗੁਰੂ ਦੇ ਗਿਆਨ ਅਨੁਸਾਰ ਆਪਣੀ ਜ਼ਿੰਦਗੀ ਢਾਲ ਲੈਂਦਾ ਹੈ ਤਾਂ ਮਿੱਠੇ ਪ੍ਰਭੂ ਨਾਲ ਉਸਦਾ ਮੇਲ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਗੁਰੂ ਨੇ ਉਸਦੀ ਬਾਂਹ ਫੜ ਕੇ ਆਪ ਕਰਾਇਆ ਹੋਵੇ:

- ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ॥
ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ॥ (੧੨੧੧)

ਗੁਰੂ ਦੀ ਦੱਸੀ ਨਾਮ ਸਿਮਰਨ ਵਾਲੀ ਕਾਰ ਤੋਂ ਖੁੰਝਿਆ ਹੋਇਆ ਮਨੁੱਖ ਫਿੱਕੇ ਬਚਨ ਬੋਲਦਾ ਹੈ।

- ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ॥ (੫੫੨)

ਪ੍ਰਭੂ ਪਤੀ ਨੂੰ ਜੀਵ ਇਸਤ੍ਰੀ ਕਿਵੇਂ ਪਾ ਸਕਦੀ ਹੈ? ਇਹ ਭੇਤ ਫ਼ਰੀਦ ਜੀ ਸਮਝਾਉਂਦੇ ਹਨ:

- ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (੧੩੮੪)

- ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥ ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ॥ (੩੧)

ਮਨੁੱਖਤਾ ਦਾ ਕਲਿਆਣ ਕਰਨ ਆਏ ਸਤਿਗੁਰੂ ਦੇ ਹਿਰਦੇ ਅੰਦਰ ਉਨ੍ਹਾਂ ਮਨਮੁਖਾਂ ਵਾਸਤੇ ਵੀ ਤਰਸ ਸੀ ਜਿਹੜੇ ਗੁਰਦੇਵ ਦੇ ਬਚਨ ਨਹੀਂ ਸੁਣਦੇ ਅਥਵਾ ਸੁਣ ਕੇ ਪੱਲੇ ਨਹੀਂ ਬੰਨ੍ਹਦੇ।

- ਬਿਰਧੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥ (੧੦੧੯)

- ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ॥
ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ॥ ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ॥
ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ॥ (੮੫੩)

ਫੋਕਟ ਕਰਮਕਾਂਡੀ ਬ੍ਰਾਹਮਣ ਦੇ ਮਿੱਠੇ ਬੋਲ ਵੀ ਪ੍ਰਭੂ ਨੂੰ ਚੰਗੇ ਨਹੀਂ ਲੱਗੇ।

- ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥ (੬੭੪)

ਬਚਨਾਂ ਦਾ ਪੱਕਾ ਹੋਣਾ

ਬਚਨ ਕਰਕੇ ਮੁੱਕਰ ਜਾਣ ਵਾਲਾ ਮਨੁੱਖ ਬੜੇ ਦਿਲਾਂ ਨੂੰ ਪ੍ਰੇਸ਼ਾਨ ਅਥਵਾ ਦੁੱਖੀ ਕਰਨ ਦਾ ਪਾਪ ਕਰਦਾ ਹੈ। ਅਜਿਹੇ ਬੇਜ਼ਬਾਨੇ ਮਨੁੱਖ ਬਾਰੇ ਸਤਿਗੁਰਾਂ ਦਾ ਫੁਰਮਾਨ ਹੈ:

- ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ॥
ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ॥
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥ (੧੦੯੯)

ਬੇਜੁਬਾਨੇ ਬੰਦੇ ਵਿੱਚ ਉਪਰ ਵਰਣਨ ਸਾਰੇ ਐਬ ਹੁੰਦੇ ਹਨ। ਜਿਸਦੇ ਮੂੰਹ ਵਿੱਚ ਹੋਰ ਹੈ ਅਤੇ ਢਿੱਡ ਵਿੱਚ ਕੁਝ ਹੋਰ ਹੁੰਦਾ ਹੈ ਅਜਿਹਾ ਮਨੁੱਖ ਭਾਵੇਂ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਦਾ ਪੱਕਾ ਰਹਿਤੀ ਵੀ ਹੈ, ਉਸਦੀ ਪ੍ਰਮਾਤਮਾ ਨਾਲ ਕਦੇ ਸੱਚੀ ਪ੍ਰੀਤ ਨਹੀਂ ਬਣ ਸਕਦੀ।

- ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ (੪੮੮)

- ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥ (੫੧੨)

ਦਿਲ ਦੇ ਕਪਟੀ ਮਨੁੱਖ ਤੇ ਗੁਰੂ ਪਰਮੇਸ਼ਰ ਕਦੇ ਪ੍ਰਸੰਨ ਨਹੀਂ ਹੋ ਸਕਦੇ, ਅਜਿਹਾ ਦੁਬਾਜਰਾ ਮਨੁੱਖ ਸਤਿਗੁਰਾਂ ਦੀ ਕਿਰਪਾ ਦਾ ਪਾਤਰ ਕਦੇ ਨਹੀਂ ਬਣ ਸਕਦਾ।

ਬੋਲਣਾ ਤਿਆਗਣਾ (ਮਨੋ ਬਰਤ)

ਗੱਲਬਾਤ ਕਰਨ ਦੀ ਜਿਸ ਪ੍ਰਕਾਰ ਦੀ ਸ਼ਕਤੀ, ਸਿਰਜਣਹਾਰ ਨੇ ਮਨੁੱਖ ਨੂੰ ਬਖ਼ਸ਼ਿਸ਼ ਕੀਤੀ ਹੈ। ਅਜਿਹੀ ਨਿਪੁੰਨ ਸ਼ਕਤੀ ਧਰਤੀ ਦੇ ਕਿਸੇ ਵੀ ਹੋਰ ਜੀਵ ਕੋਲ ਨਹੀਂ ਹੈ। ਵਾਹਿਗੁਰੂ ਦੀ ਇਸ ਅਨਮੋਲ ਦਾਤ ਨੂੰ ਸੁਚੱਜੇ ਢੰਗ ਨਾਲ ਸੁਧਾਰ ਕੇ ਭਾਵ ਆਪਣੀ ਗੱਲਬਾਤ ਮਿੱਠੇ ਅਤੇ ਸਚਾਈ ਵਾਲੇ ਬਚਨਾਂ ਨਾਲ ਸ਼ਿੰਗਾਰ ਕੇ ਦੂਜਿਆਂ ਲਈ ਅਤੇ

ਆਪਣੇ ਲਈ ਸੁੱਖ ਦਾ ਕਾਰਨ ਬਣਨ ਦੇ ਥਾਂ ਬੋਲਣਾ ਤਿਆਗ ਕੇ ਮੋਨੀ ਬਣ ਬਹਿਣਾ, ਅਥਵਾ ਮੋਨ ਬਰਤ ਧਾਰ ਲੈਣਾ, ਪ੍ਰਮਾਤਮਾ ਦੀ ਦਾਤ ਨੂੰ ਅਸਵੀਕਾਰ ਕਰਨ ਦੀ ਹੈਂਕੜ ਹੈ, ਅਥਵਾ ਪ੍ਰਮਾਤਮਾ ਦੀ ਬੇਅਦਬੀ ਕਰਨ ਤੁੱਲ ਹੈ। ਅਜਿਹੇ ਮੋਨੀ ਬਣੇ ਬੈਠੇ ਲੋਕਾਂ ਨੂੰ ਇਹ ਪ੍ਰਭਾਵ ਦੇ ਰਹੇ ਹੁੰਦੇ ਹਨ ਕਿ ਇਸ ਤਰ੍ਹਾਂ ਉਹ ਆਪਣੇ ਮਨ ਤੇ ਕਾਬੂ ਪਾ ਲੈਂਦੇ ਹਨ। ਪਰ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿੱਚ ਹੀ ਸਤਿਗੁਰਾਂ ਦਾ ਫ਼ੈਸਲਾ ਹੈ ਕਿ ਚੁੱਪ ਸਾਧ ਕੇ ਮਨ ਦੀ ਚੰਚਲਤਾ ਤੇ ਕਾਬੂ ਪਾਉਣ ਦੇ ਯਤਨ ਫੋਕੇ ਹਨ:

– ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ (੧)

ਭਾਵੇਂ ਅਜਿਹੇ ਲੱਖਾਂ ਯਤਨ ਕਰੇ ਪਰ ਮੂੰਹੋਂ ਚੁੱਪ ਬੈਠੇ ਮਨੁੱਖ ਦਾ ਮਨ ਕਦੇ ਸਥਿਰ ਨਹੀਂ ਰਹਿ ਸਕਦਾ।

– ਮੋਨਿ ਵਿਗੂਤਾ॥ ਕਿਉ ਜਾਗੈ ਗੁਰ ਬਿਨੁ ਸੂਤਾ॥ (੪੬੭)

– ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥ (੧੦੧੩)

– ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (੧੩੪੮)

– ਮੋਨੀ ਮੋਨਿਧਾਰੀ॥ ਸਨਿਆਸੀ ਬ੍ਰਹਮਚਾਰੀ॥ ਉਦਾਸੀ ਉਦਾਸਿ ਰਾਤਾ॥ (੭੧)

– ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ॥ (੬੫੪)

– ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥ ਤੂ ਨੇੜ੍ਹੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ॥
ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ॥ ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ॥
ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ॥
ਬਿਨਵੰਤ ਨਾਨਕ ਬਿਨੁ ਸਾਧਸੰਗਮ ਸਭ ਮਿਥਿਆ ਸੰਸਾਰੀ॥ (੫੪੭)

– ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ॥ ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ॥ (੧੨੮੪)

– ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ (੬੪੧)

ਕਲਗੀਧਰ ਦਾ ਫੁਰਮਾਨ ਹੈ ਕਿ ਜੇ ਚੁੱਪ ਸਾਧਿਆਂ ਪ੍ਰਮਾਤਮਾ ਮਿਲ ਸਕਦਾ ਹੁੰਦਾ ਤਾਂ ਰੁੱਖਾਂ ਦਾ ਨਾਮ ਸੰਤਾਂ ਭਗਤਾਂ ਵਿੱਚ ਹੋਣਾ ਸੀ। ਅਕਾਲ ਉਸਤਤਿ ਵਿੱਚ ਆਪ ਦਾ ਫੁਰਮਾਨ ਹੈ ਕਿ ਰੁੱਖ ਤਾਂ ਸਾਰੀ ਉਮਰ ਚੁੱਪ ਸਾਧਿਆਂ ਇੱਕ ਥਾਂ ਖੜ੍ਹਾ ਹੀ ਮਰ ਜਾਂਦਾ ਹੈ। **“ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ”** ਕੀ ਅਜਿਹੀ ਕਰੜੀ ਸਾਧਨਾ ਰੁੱਖ ਦਾ ਜਨਮ ਮਰਨ ਕੱਟ ਦਿੰਦੀ ਹੋਵੇਗੀ?

ਗੁਰੂ ਦੇ ਕਿਸੇ ਇੱਕ ਵੀ ਹੁਕਮ ਦੀ ਉਲੰਘਣਾ ਕਰਨੀ ਬੇਮੁਖਤਾਈ ਹੈ। ਝੂਠਾ ਵਿਹਾਰ, ਝੂਠ ਨਾਲ ਪਿਆਰ, ਬਚਨ ਤੋਂ ਖਿਸਕਣਾ, ਮਨ ਹੋਰ ਮੁਖ ਹੋਰ ਰੱਖਣਾ, ਮਿੱਠ ਬੋਲਾ ਨਾ ਹੋਣਾ, ਫਿੱਕਾ ਬੋਲ ਕੇ ਕਿਸੇ ਦਾ ਦਿਲ ਦੁਖਾਉਣਾ ਆਦਿ ਸਤਿਗੁਰਾਂ ਤੋਂ ਬੇਮੁਖਤਾਈ ਹੈ।

– ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥ (੬੪੮)

ਬੋਲ ਸੁਆਰਨ ਦੀ ਸਿੱਖਿਆ ਵਾਲੇ ਹੋਰ ਸ਼ਬਦ

ਬੋਲਣਾ ਤਿਆਗਣਾ ਨਹੀਂ ਚਾਹੀਦਾ ਸਗੋਂ ਸੁਧਾਰਨਾ ਚਾਹੀਦਾ ਹੈ।

– ਕਵਨ ਗੁਨੁ ਜੋ ਤੁਝੁ ਲੈ ਗਾਵਉ॥ ਕਵਨ ਬੋਲ ਪਾਰਬ੍ਰਹਮ ਰੀਝਾਵਉ॥ (੧੮੭)

– ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥ (੩੯੮)

– ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥ (੩੫੧)

– ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ॥
ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ॥ (੯੯੧)

ਗੁਰੂ ਗ੍ਰੰਥ ਸਾਹਿਬ ਜੀ ਬੋਲਣ ਦਾ ਫਲਸਫਾ ਇਸ ਸ਼ਬਦ ਵਿੱਚ ਹੋਰ ਵਿਸਥਾਰ ਨਾਲ ਸਮਝਾਉਣ ਦੀ ਕਿਰਪਾ ਕਰ ਰਹੇ ਹਨ:

– ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ॥
ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥ਰਹਾਉ॥
ਸੰਤਨ ਸਿਉ ਬੋਲੇ ਉਪਕਾਰੀ॥ ਮੂਰਖ ਸਿਉ ਬੋਲੇ ਝਖ ਮਾਰੀ॥
ਬੋਲਤ ਬੋਲਤ ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥
ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥ (੯੭੦)

ਜ਼ਿੰਦਗੀ ਵਿੱਚ ਵਾਧੂ ਪ੍ਰੇਸ਼ਾਨੀ ਤੋਂ ਬਚਣ ਲਈ ਸਤਿਗੁਰਾਂ ਇੱਕ ਹੋਰ ਅਸੂਲ ਦੱਸਿਆ ਹੈ:

– ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ॥ (੬੦੯)

ਅਸੰਤ ਦੀ ਕਹੀ ਹੋਈ ਮੰਦੀ ਗੱਲ ਵੱਲ ਧਿਆਨ ਹੀ ਨਾ ਦਿਉ। ਫਿਕਾ ਬੋਲਣ ਵਾਲਾ ਵਾਸਤਵ ਵਿੱਚ ਮੂਰਖ ਹੁੰਦਾ ਹੈ ਅਤੇ ਗੁਰਦੇਵ ਦਾ ਇਹ ਵੀ ਫੁਰਮਾਨ ਹੈ ਕਿ ਮੂਰਖ ਦੀ ਗੱਲ ਤੇ ਧਿਆਨ ਦੇਣ ਵਾਲਾ ਆਪ ਵੀ ਮੂਰਖ ਹੁੰਦਾ ਹੈ।

– ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥ (੯੫੩)

ਹਜ਼ੂਰ ਸਾਨੂੰ ਇਹ ਮਤਿ ਵੀ ਦੇਂਦੇ ਹਨ ਕਿ ਜਿੱਥੇ ਤੁਹਾਡੀ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਣੀ ਅਤੇ ਤੁਸਾਂ ਆਪਣੀ ਹਾਰ ਅਨੁਭਵ ਕਰਨੀ ਹੈ ਉਥੇ ਚੁੱਪ ਰਹਿਣਾ ਹੀ ਚੰਗਾ ਹੈ।

– ਜਿਥੇ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ (੧੪੯)

ਮਾਝ ਕੀ ਵਾਰ ਵਿੱਚ ਉਚਾਰਿਆ ਗੁਰੂ ਨਾਨਕ ਦੇਵ ਜੀ ਦਾ ਅਨਮੋਲ ਬਚਨ ਵੀ ਇਹੀ ਮਤਿ ਦੇ ਰਹਿਆ ਹੈ ਕਿ:

– ਮੂਰਖ ਗੰਢੁ ਪਵੈ ਮੁਹਿ ਮਾਰ॥ ਨਾਨਕ ਆਖੈ ਏਹੁ ਬੀਚਾਰੁ॥ (੧੪੩)

ਪ੍ਰਮਾਤਮਾ ਅੱਗੇ ਜਾਂ ਸਤਿਗੁਰਾਂ ਅੱਗੇ ਖਲੋ ਕੇ ਬਹੁਤੀਆਂ ਲੰਮੀਆਂ ਅਰਦਾਸਾਂ ਕਰਨੀਆਂ ਸਿਆਣਪ ਨਹੀਂ। ਸਰੋਤਿਆਂ ਦੇ ਮਨਾਂ ਤੇ ਆਪਣੀ ਜਾਣਕਾਰੀ ਦਾ ਜਾਂ ਉਚੇਚੀ ਸ਼ਰਧਾ ਦਾ ਪ੍ਰਭਾਵ ਪਾਉਣ ਲਈ ਕਈ ਅਰਦਾਸੀਏ

ਗੁਰਬਾਣੀ ਵਿੱਚੋਂ ਚੁਣੀਆਂ ਹੋਈਆਂ ਕਈ ਤੁਕਾਂ ਅਰਦਾਸ ਵਿੱਚ ਬੋਲਦੇ ਹਨ, ਲੋਕਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਵੱਲੋਂ ਦਿੱਤੇ ਦਾਨ ਦੇ ਵੇਰਵੇ, ਅਥਵਾ ਮੰਗਾਂ ਦੇ ਵੇਰਵੇ ਦੀਆਂ ਲਿਸਟਾਂ ਪੜ੍ਹ ਸੁਣਾਉਣੀਆਂ, ਇਹ ਸਭ ਮਨ ਮੱਤ ਹੈ, ਗੁਰਮਤ ਦੀ ਖੰਡਨਾ ਹੈ। ਜਿਸ ਅੱਗੇ ਅਰਦਾਸਾਂ ਕਰ ਰਹੇ ਹੁੰਦੇ ਹਾਂ, ਉਹ ਅਜਿਹਾ ਅੰਤਰਜਾਮੀ ਹੈ ਜੋ ਸਾਡੇ ਦਿਲਾਂ ਦੀ ਪਹਿਲਾਂ ਹੀ ਜਾਣਦਾ ਹੈ।

- ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥ (੬੬੧)

- ਅੰਤਰਜਾਮੀ ਜਾਨੈ॥ ਬਿਨੁ ਬੋਲਤ ਆਪਿ ਪਛਾਨੈ॥ (੬੨੧)

- ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥
ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ॥ (੧੪੨੦)

ਸੰਗਤ ਵਿੱਚ ਜੁੜ ਕੇ ਅਰਦਾਸ ਵਿੱਚ ਜੁੜਨ ਦਾ ਭਾਵ ਗੁਰਸਿੱਖਾਂ ਵਿੱਚ ਸਤਿਗੁਰਾਂ ਪ੍ਰਤੀ ਧੰਨਵਾਦ ਭਰੇ ਸ਼ੁਕਰਾਨੇ ਦੀ ਭਾਵਨਾ ਸੁਰਜੀਤ ਕਰੀ ਰੱਖਣਾ, ਚੜ੍ਹਦੀ ਕਲਾ ਵਿੱਚ ਵਿਚਰਦੇ ਰਹਿਣ ਦਾ ਉਤਸ਼ਾਹ ਭਰਨਾ ਹੁੰਦਾ ਹੈ। ਸਿੱਖ ਪੰਥ ਦੀ ਅਰਦਾਸ ਦੇ ਸੰਖੇਪ ਜਿਹੇ ਪਲ, ਥੋੜ੍ਹੇ ਸ਼ਬਦਾਂ ਵਿੱਚ ਕਰਨੀ ਕਥਨੀ ਦੇ ਸੂਰੇ, ਤਿਆਗ ਅਤੇ ਕੁਰਬਾਨੀ ਦੇ ਪੁਤਲੇ ਨਿਰਭੈ ਹਠੀਲੇ ਜੋਧਿਆਂ ਵਾਲੇ ਆਪਣੇ ਵਿਰਸੇ ਦਾ ਚੇਤਾ ਕਰਾਉਂਦੇ ਰਹਿ ਕੇ ਪੰਥ ਦੇ ਨਿਆਰੇ ਆਚਰਣ ਦੀ ਸੰਭਾਲ ਵਾਲੇ ਉਪਰਾਲੇ ਦਾ ਕਰਾਮਾਤੀ ਸਮਾਂ ਹੁੰਦਾ ਹੈ। ਮੰਗਤਾ ਬਣਨ ਦੀ ਸਿਖਲਾਈ ਲਈ ਅਰਦਾਸ ਦੀ ਮਰਿਯਾਦਾ ਨਹੀਂ ਸੀ ਬਣੀ।

- ਤਹ ਸਾਚ ਨਿਆਇ ਨਿਬੇਰਾ॥ ਊਹਾ ਸਮ ਠਾਕੁਰੁ ਸਮ ਚੇਰਾ॥
ਅੰਤਰਜਾਮੀ ਜਾਨੈ॥ ਬਿਨੁ ਬੋਲਤ ਆਪਿ ਪਛਾਨੈ॥ (੬੨੧)

ਪ੍ਰਭੂ ਦੀ ਦਰਗਾਹ ਵਿੱਚ ਨੌਕਰ ਅਤੇ ਮਾਲਕ ਸਭ ਬਰਾਬਰ ਸਮਝੇ ਜਾਂਦੇ ਹਨ, ਭਾਵ ਬਾਦਸ਼ਾਹ ਤੇ ਗਰੀਬ ਦੀ ਸੁਣਾਈ ਹੋਣ ਵਿੱਚ ਕੋਈ ਭਿੰਨ ਭੇਦ ਨਹੀਂ ਹੈ। ਹਰ ਇੱਕ ਦੇ ਕੀਤੇ ਅਮਲਾਂ ਦਾ ਨਿਆਂ, ਬਿਨਾਂ ਲਿਹਾਜ਼ ਦੇ ਕੀਤਾ ਜਾਂਦਾ ਹੈ। ਪ੍ਰਭੂ ਕੋਲੋਂ ਸਾਡੀ ਕੋਈ ਗੱਲ ਲੁਕੀ ਹੋਈ ਨਹੀਂ ਹੈ।

- ਬੋਲਹੁ ਸਾਚੁ ਪਛਾਣਹੁ ਅੰਦਰਿ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ॥
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ॥ (੧੦੨੬)

ਮਹਾਂਪੁਰਖਾਂ ਕਾ ਬੋਲਣਾ

ਗੁਰਮੁਖਾਂ ਦਾ ਬੋਲਣਾ ਸਦਾ ਕਿਸੇ ਦੀ ਭਲਾਈ ਵਿੱਚ ਹੁੰਦਾ ਹੈ।

- ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ॥
ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ॥
ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ॥ (੭੫੫)

- ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥ ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ॥
ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ॥
ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥ (੬੪੭)

ਸੰਤ ਸਤਿਗੁਰੂ ਜੀ ਸਦਾ ਆਪਣੇ ਅੱਖੀਂ ਵੇਖਿਆ ਹੋਇਆ ਹੀ ਬੋਲ ਕੇ ਸੁਣਾਉਂਦੇ ਹਨ।

- ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ (੮੯੪)

ਮਨੁੱਖ ਦੇ ਅੰਦਰ ਵਸਦੀ ਪ੍ਰਭੂ ਦੀ ਜੋਤਿ ਰੂਪੀ ਉਸਦੀ ਆਪਣੀ ਹੋਂਦ, ਜਿਸ ਨੂੰ ਸਿਆਣਿਆਂ ਨੇ ਜ਼ਮੀਰ ਕਿਹਾ ਹੈ, ਹਰ ਮਨੁੱਖ ਨੂੰ ਕੁਝ ਕਹਿੰਦੀ ਜ਼ਰੂਰ ਹੈ। ਪਰ ਝੂਠੀ ਮਾਇਆ ਦੇ ਹੰਕਾਰ ਦੇ ਕਾਰਨ ਮਨੁੱਖ ਉਸ ਆਵਾਜ਼ ਨੂੰ ਨਹੀਂ ਸਮਝਦਾ। ਜਿਨ੍ਹਾਂ ਨੇ ਆਪਾ ਭਾਵ ਗੁਆ ਦਿੱਤਾ ਹੈ, ਉਨ੍ਹਾਂ ਨੂੰ ਆਪਣੇ ਅੰਦਰ ਵਸਦੇ ਪ੍ਰਭੂ ਦੇ ਹੁਕਮ ਸੁਣਨੇ ਅਰੰਭ ਹੋ ਜਾਂਦੇ ਹਨ। ਉਚੀ ਆਤਮਾ ਦੇ ਮਾਲਕ ਮਹਾਂਪੁਰਖ, ਪ੍ਰਭੂ ਦੇ ਹੁਕਮਾਂ ਨੂੰ ਸੁਣਦੇ, ਬੋਲਦੇ ਅਤੇ ਲਿਖਦੇ ਹਨ। ਤਦੇ ਹੀ ਉਨ੍ਹਾਂ ਦੀ ਬਾਣੀ ਅੰਮ੍ਰਿਤ ਹੁੰਦੀ ਹੈ। ਉਹ ਸਦੀਵੀ ਸੱਚ ਹੁੰਦਾ ਹੈ ਕਿਉਂਕਿ ਭਗਤ ਬੋਲਦੇ ਹੀ ਪ੍ਰਭੂ ਦੇ ਬੁਲਾਏ ਹਨ, ਅਥਵਾ ਭਗਤਾਂ ਦਾ ਬੋਲਿਆ ਹਰ ਬਚਨ ਪ੍ਰਭੂ ਦਾ ਆਪਣਾ ਹੁਕਮ ਹੁੰਦਾ ਹੈ। ਪ੍ਰਭੂ ਭਗਤ ਸਦਾ ਖਸਮ ਦੀ ਬਾਣੀ ਹੀ ਬੋਲਦੇ ਹਨ:

- ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (੭੨੨)

- ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥
  ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ॥ (੫੦੮)

- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (੭੬੩)

- ਬੋਲੇ ਸਾਹਿਬ ਕੈ ਭਾਣੈ॥ ਦਾਸੁ ਬਾਣੀ ਬ੍ਰਹਮੁ ਵਖਾਣੈ॥
  ਨਾਨਕ ਪ੍ਰਭ ਸੁਖਦਾਈ॥ ਜਿਨਿ ਪੂਰੀ ਬਣਤ ਬਣਾਈ॥ (੬੨੯)

- ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ॥ (੬੬੭)

- ਨਾਨਕੁ ਬੋਲੈ ਤਿਸ ਕਾ ਬੋਲਾਇਆ॥ (੧੨੭੧)

- ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥
  ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ॥ (੭੪)

- ਬੇਸੁਮਾਰ ਅਥਾਹ ਅਗਨਤ ਅਤੋਲੈ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥ (੨੯੨)

- ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ॥
  ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ॥ (੩੦੧)

ਹਜ਼ੂਰ ਦਾ ਹਰ ਫੁਰਮਾਨ ਅਕਾਲ ਪੁਰਖ ਦਾ ਆਪਣਾ ਹੁਕਮ ਹੈ। ਗੁਰਦੇਵ ਦੇ ਸੱਚ ਬਚਨਾਂ ਦੀ ਸਦਾ ਪਾਲਣਾ ਕਰਦੇ ਰਹਿਣ ਵਿੱਚ ਹੀ ਸਦੀਵੀ ਸੁੱਖ ਹਨ।

- ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥ (੯੬੭)

- ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥
  ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ॥
  ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ॥
  ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ॥
  ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥
  ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ॥ (੯੪੦)